## ਪੁਲਸ ਨੇ ਕਤਲ ਦੀ ਗੁੱਥੀ 24 ਘੰਟਿਆਂ 'ਚ ਸੁਲਝਾਈ

# ਨਾਜਾਇਜ਼ ਸੰਬੰਧਾਂ 'ਚ ਰੋੜਾ ਬਣ ਰਹੇ ਪਤੀ ਦਾ ਪ੍ਰੇਮੀ ਨਾਲ ਮਿਲ ਕੇ ਕੀਤਾ ਕਤਲ

## ਮ੍ਰਿਤਕ ਦੀ ਪਤਨੀ ਸਮੇਤ 3 ਗ੍ਰਿਫ਼ਤਾਰ, ਲਾਸ਼ ਨੂੰ ਵੇਈਂ 'ਚ ਵਹਾਉਣ ਦਾ ਵੀ ਸੀ ਪ੍ਰੋਗਰਾਮ

ਕਪੂਰਥਲਾ, 26 ਜੂਨ (ਮਲਹੋਤਰਾ, ਸੋਢੀ, ਧੀਰ, ਭੂਸ਼ਣ)-ਜ਼ਿਲਾ ਪੁਲਸ ਨੇ ਪਿਛਲੇ ਦਿਨੀਂ ਥਾਣਾ ਤਲਵੰਡੀ ਚੌਧਰੀਆਂ 'ਚ ਕਤਲ ਕਰਕੇ ਅੱਧੀ ਸੜੀ ਹਾਲਤ 'ਚ ਇਕ ਅਣਜਾਣ ਵਿਅਕਤੀ ਦੀ ਮੱਕੀ ਦੇ ਖੇਤਾਂ 'ਚ ਲਾਸ਼ ਸੁੱਟਣ ਦੇ ਮਾਮਲੇ 'ਚ ਸਿਰਫ 24 ਘੰਟਿਆਂ 'ਚ ਹੀ ਇਸ ਦੀ ਪਛਾਣ ਕਰਕੇ ਇਸ ਹੱਤਿਆ ਕਾਂਡ 'ਚ ਸ਼ਾਮਲ 3 ਕਾਤਲ ਤੇ ਹੱਤਿਆ 'ਚ ਇਸਤੇਮਾਲ ਕੀਤਾ ਗਿਆ ਸਾਮਾਨ ਬਰਾਮਦ ਕਰ ਲਿਆ ਗਿਆ ਹੈ। ਦੋਸ਼ੀਆਂ ਤੋਂ ਪੁੱਛਗਿਛ ਕੀਤੀ ਜਾ ਰਹੀ ਹੈ ਪੁਲਸ ਲਾਈਨ 'ਚ ਬੁਲਾਏ ਗਏ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਜ਼ਿਲਾ ਐੱਸ. ਐੱਸ. ਪੀ. ਸੰਦੀਪ ਕੁਮਾਰ ਸ਼ਰਮਾ ਨੇ ਦੱਸਿਆ ਕਿ ਥਾਣਾ ਤਲਵੰਡੀ ਚੌਧਰੀਆਂ ਦਾ ਪੁਲਸ ਨੂੰ ਪਿਛਲੇ ਦਿਨੀਂ ਪਿੰਡ ਕੋਲੀਆਂਵਾਲਾ ਨਿਵਾਸੀ ਸ਼ਿੰਦਰ ਸਿੰਘ ਦੇ ਖੇਤਾਂ 'ਚ ਜੋ ਅਗਿਆਤ ਲਾਸ਼ ਮਿਲੀ ਸੀ ਉਸ ਦੀ ਪਛਾਣ ਟਰੱਕ ਡਰਾਈਵਰ ਨਰਿੰਦਰ ਸਿੰਘ ਪੁੱਤਰ ਦਾਰਾ ਸਿੰਘ ਨਿਵਾਸੀ ਪਿੰਡ ਖਵਾਸਪੁਰ ਥਾਣਾ ਗੋਇੰਦਵਾਲ ਸਾਹਿਬ ਜ਼ਿਲਾ ਤਰਨਤਾਰਨ ਦੇ ਰੂਪ 'ਚ ਹੋਈ ਹੈ। ਜ਼ਿਲਾ ਪੁਲਸ ਕਪਤਾਨ ਨੇ ਦੱਸਿਆ ਕਿ ਇਸ ਅੰਨ੍ਹੇ ਕਤਲ ਦੇ ਮਾਮਲੇ ਦੀ ਜਾਂਚ ਲਈ ਸਾਰੇ ਕੋਨਿਆਂ ਤੋਂ ਸ਼ੁਰੂ ਕਰਦੇ ਹੋਏ ਇਸ ਨੂੰ 24 ਘੰਟਿਆਂ ਦੇ ਅੰਦਰ ਹੀ ਹੱਲ ਕਰ ਲਿਆ ਗਿਆ। ਥਾਣਾ ਤਲਵੰਡੀ ਚੌਧਰੀਆਂ ਪੁਲਸ ਦੇ ਇੰਚਾਰਜ ਨੇ ਆਪਣੀ ਟੀਮ ਦੇ ਨਾਲ ਮਾਮਲੇ ਨੂੰ ਹੱਲ ਕਰਦੇ ਹੋਏ ਤਿੰਨੋਂ ਦੋਸ਼ੀਆਂ ਨੂੰ ਸਬੂਤਾਂ ਨਾਲ ਕਾਬੂ ਕਰ ਲਿਆ ਤੇ ਦੋਸ਼ੀਆਂ ਨੇ ਸਵੀਕਾਰ ਕੀਤਾ ਕਿ ਇਹ ਕਤਲ ਉਨ੍ਹਾਂ ਨੇ ਕੀਤਾ ਹੈ। ਫੜੇ ਗਏ ਦੋਸ਼ੀਆਂ ਨੂੰ ਅੱਜ ਮਾਣਯੋਗ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ਤੇ ਪੁਲਸ ਰਿਮਾਂਡ ਪ੍ਰਾਪਤ ਕਰਕੇ ਪੁੱਛਗਿਛ ਕੀਤੀ ਜਾਵੇਗੀ।



ਪੁਲਸ ਲਾਈਨ ਕਪੂਰਥਲਾ 'ਚ ਆਯੋਜਿਤ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਐੱਸ. ਐੱਸ. ਪੀ. ਕਪੂਰਥਲਾ ਸੰਦੀਪ ਕੁਮਾਰ ਸ਼ਰਮਾ ਤੇ ਹੋਰ।

### ਜ਼ਮੀਨ ਵੇਚ ਕੇ ਪਰਿਵਾਰ ਸਮੇਤ ਨਾਗਾਲੈਂਡ 'ਚ ਵਸ ਜਾਣਾ ਚਾਹੁੰਦਾ ਸੀ ਮ੍ਰਿਤਕ ਟਰੱਕ ਡਰਾਈਵਰ

ਐੱਸ. ਐੱਸ. ਪੀ. ਨੇ ਦੱਸਿਆ ਕਿ ਜਾਂਚ ਟੀਮ ਅਨੁਸਾਰ ਟਰੱਕ ਡਰਾਈਵਰ ਨਰਿੰਦਰ ਸਿੰਘ ਦੀ ਹੱਤਿਆ ਕਿਤੇ ਹੋਰ ਕੀਤੀ ਗਈ ਸੀ। ਜਾਂਚ ਟੀਮ ਕੜੀਆਂ ਜੋੜਦੀ ਹੋਈ ਜਸਪਾਲ ਸਿੰਘ ਉਰਫ ਡਾਕਟਰ ਉਰਫ ਪੁੱਤਰ ਰਣਜੀਤ ਸਿੰਘ ਨਿਵਾਸੀ ਪਿੰਡ ਦੂਲੋਵਾਲ ਦਬੁਲੀਆਂ ਦੇ ਘਰ ਤਕ ਪਹੁੰਚ ਗਈ, ਜਿਥੇ ਮ੍ਰਿਤਕ ਨੂੰ ਕਤਲ ਕਰ ਦਿੱਤਾ ਗਿਆ ਸੀ। ਪੁਲਸ ਦੇ ਹੱਥ ਕਈ ਤਰ੍ਹਾਂ ਦੇ ਸਬੂਤ ਲੱਗੇ, ਜਿਨ੍ਹਾਂ 'ਚ ਕਤਲ 'ਚ ਇਸਤੇਮਾਲ ਕੀਤੀ ਗਈ ਤੇਸੀ ਤੇ ਮ੍ਰਿਤਕ ਦੇ ਖੂਨ ਨਾਲ ਲਿੱਬੜੇ ਕੱਪੜੇ ਸਨ। ਪੁਲਸ ਪਾਰਟੀ ਨੂੰ ਜਾਂਚ ਦੌਰਾਨ ਇਹ ਪਤਾ ਲੱਗਾ ਕਿ ਰਜਵੰਤ ਕੌਰ ਪਤਨੀ ਨਰਿੰਦਰ ਸਿੰਘ ਨਿਵਾਸੀ ਪਿੰਡ ਖਵਾਸਪੁਰ ਥਾਣਾ ਗੋਇੰਦਵਾਲ ਸਾਹਿਬ ਜ਼ਿਲਾ ਤਰਨਤਾਰਨ ਦੇ ਜਸਪਾਲ ਸਿੰਘ ਨਿਵਾਸੀ ਦੂਲੋਵਾਲ ਦਬੁਲੀਆਂ ਨਾਲ ਲੱਗਭਗ ਇਕ ਸਾਲ ਤੋਂ ਨਾਜਾਇਜ਼ ਸੰਬੰਧ ਚਲ ਰਹੇ ਸਨ। ਰਜਵੰਤ ਦਾ ਪਤੀ ਮ੍ਰਿਤਕ ਟਰੱਕ ਡਰਾਈਵਰ ਨਰਿੰਦਰ ਸਿੰਘ ਜੋ ਕਿ ਨਾਗਾਲੈਂਡ 'ਚ ਕੰਮ ਕਰਦਾ ਸੀ, 2 ਸਾਲ ਬਾਅਦ ਲਗਭਗ ਡੇਢ ਮਹੀਨਾ ਪਹਿਲਾਂ ਹੀ ਪਿੰਡ ਆਇਆ ਸੀ। ਉਹ ਲਗਾਤਾਰ ਜਸਪਾਲ ਸਿੰਘ ਤੇ ਰਜਵੰਤ ਕੌਰ ਦੇ ਨਾਜਾਇਜ਼ ਸੰਬੰਧਾਂ 'ਚ ਰੁਕਾਵਟ ਬਣ ਰਿਹਾ ਸੀ। ਇੰਨਾ ਹੀ ਨਹੀਂ ਮ੍ਰਿਤਕ ਨਰਿੰਦਰ ਸਿੰਘ ਦੀ ਇੱਛਾ ਸੀ ਕਿ ਉਹ ਆਪਣੇ ਹਿੱਸੇ ਦੀ ਜ਼ਮੀਨ ਵੇਚ ਕੇ ਪਰਿਵਾਰ ਸਮੇਤ ਨਾਗਾਲੈਂਡ 'ਚ ਵਸ ਜਾਵੇ ਪਰ ਰਜਵੰਤ ਕੌਰ ਨੂੰ ਇਹ ਗਵਾਰਾ ਨਹੀਂ ਸੀ। ਰਜਵੰਤ ਕੌਰ ਨੇ ਆਪਣੇ ਆਸ਼ਿਕ ਜਸਪਾਲ ਸਿੰਘ ਨਾਲ ਗੱਲਬਾਤ ਕਰਕੇ ਆਪਣੇ ਪਤੀ ਨਰਿੰਦਰ ਸਿੰਘ ਨੂੰ ਜਾਨੋਂ ਮਾਰਨ ਦੀ ਸਾਜ਼ਿਸ਼ ਬਣਾਈ।

### ਨਾਜਾਇਜ਼ ਸੰਬੰਧਾਂ ਦਾ ਸ਼ਿਕਾਰ ਹੋ ਚੁੱਕੇ ਹਨ ਕਈ ਐੱਨ. ਆਰ. ਆਈ. ਵੀ

ਜ਼ਿਲੇ 'ਚ ਗੰਭੀਰ ਅਪਰਾਧਾਂ ਨੂੰ ਅੰਜਾਮ ਦੇਣ ਲਈ ਕਈ ਵੱਡੇ ਮਾਮਲਿਆਂ 'ਚ ਅਜਿਹੇ ਐੱਨ. ਆਰ. ਆਈ. ਮਾਸੂਮ ਵਿਅਕਤੀ ਕਾਲ ਦਾ ਗ੍ਰਾਸ ਬਣ ਚੁੱਕੇ ਹਨ, ਜਿਨ੍ਹਾਂ ਦੀਆਂ ਪਤਨੀਆਂ ਨਾਜਾਇਜ਼ ਸੰਬੰਧਾਂ ਦੀ ਅੱਗ 'ਚ ਆਪਣੇ ਪਤੀਆਂ ਦਾ ਆਪਣੇ ਪ੍ਰੇਮੀਆਂ ਨਾਲ ਮਿਲ ਕੇ ਕਤਲ ਕਰਵਾ ਚੁੱਕੀਆਂ ਹਨ। ਸਾਲ 2002 'ਚ 2 ਮਹਿਲਾਵਾਂ ਵੱਲੋਂ ਪਤੀਆਂ ਦਾ ਕਤਲ, ਸਾਲ 2004 'ਚ ਪੁਰਤਗਾਲ ਤੋਂ ਆਏ ਇਕ ਐੱਨ. ਆਰ. ਆਈ. ਦਾ ਕਤਲ, ਸਾਲ 2005 'ਚ ਕਪੂਰਥਲਾ 'ਚ ਪਤੀ-ਪਤਨੀ ਦਾ ਕਤਲ, ਸਾਲ 2006 'ਚ ਢਿਲਵਾਂ ਖੇਤਰ 'ਚ ਇਕ ਕਿਸਾਨ ਦਾ ਅੰਨ੍ਹਾ ਕਤਲ ਅਤੇ ਬੇਗੋਵਾਲ 'ਚ ਨਾਜਾਇਜ਼ ਸੰਬੰਧਾਂ ਦੌਰਾਨ ਇਕ ਅੰਨ੍ਹੇ ਕਤਲ ਦੇ ਮਾਮਲੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੁਲਸ ਵੱਲੋਂ ਜ਼ਿਆਦਾਤਰ ਮਾਮਲਿਆਂ ਨੂੰ ਸੁਲਝਾਉਣ ਤੋਂ ਬਾਅਦ ਵੀ ਅਜਿਹੇ ਮਾਮਲੇ ਰੁਕਣ ਦਾ ਨਾਮ ਨਹੀਂ ਲੈ ਰਹੇ ਹਨ।

### ਸ਼ਰਾਬ ਪਿਲਾ ਕੇ ਸਿਰ 'ਤੇ ਤੇਸੀ ਨਾਲ ਕਈ ਵਾਰ ਕਰਕੇ ਕੀਤਾ ਖਤਮ

ਐੱਸ. ਐੱਸ. ਪੀ. ਨੇ ਦੱਸਿਆ ਕਿ ਇਸ 'ਤੇ ਅਮਲ ਕਰਦੇ ਹੋਏ ਜਸਪਾਲ ਸਿੰਘ ਨੇ ਆਪਣੇ ਦੋਸਤ ਸੁੱਚਾ ਸਿੰਘ ਪੁੱਤਰ ਨਿਰੰਜਣ ਸਿੰਘ ਨਿਵਾਸੀ ਪਿੰਡ ਸਾਬੂਵਾਲ ਨਾਲ ਗੱਲਬਾਤ ਕਰਕੇ ਨਰਿੰਦਰ ਸਿੰਘ ਨੂੰ ਜਾਨੋਂ ਮਾਰਨ ਦੀ ਸਾਰੀ ਗੱਲ ਕਹੀ। ਜਿਸ 'ਤੇ ਦੋਸ਼ੀਆਂ ਨੇ ਨਰਿੰਦਰ ਸਿੰਘ ਨੂੰ ਉਥੋਂ ਲਿਆ ਕੇ ਸ਼ਰਾਬ ਪਿਲਾਉਣ ਤੇ ਸ਼ਰਾਬ 'ਚ ਨਸ਼ੀਲੀਆਂ ਗੋਲੀਆਂ ਪਾ ਕੇ ਉਸ ਦੇ ਬੇਹੋਸ਼ ਕਰਨ ਤੋਂ ਬਾਅਦ ਲਾਸ਼ ਨੂੰ ਵੇਈਂ 'ਚ ਸੁੱਟਣ ਦੀ ਯੋਜਨਾ ਬਣਾਈ ਪਰ ਜਸਪਾਲ ਸਿੰਘ ਨਰਿੰਦਰ ਸਿੰਘ ਨੂੰ ਟਰੱਕ ਦਿਖਾਉਣ ਦਾ ਝਾਂਸਾ ਦੇ ਕੇ 24 ਜੂਨ ਨੂੰ ਪਿੰਡ ਖਵਾਸਪੁਰ ਤੋਂ ਆਪਣੇ ਨਾਲ ਲੈ ਗਿਆ। ਯੋਜਨਾ ਅਨੁਸਾਰ ਸੁੱਚਾ ਸਿੰਘ ਡੇਰੇ 'ਤੇ ਸ਼ਰਾਬ ਦੀ ਬੋਤਲ ਲੈ ਕੇ ਆ ਗਿਆ। ਡੇਰੇ 'ਤੇ ਜਸਪਾਲ ਸਿੰਘ ਦਾ ਪਰਿਵਾਰ ਉਥੇ ਨਾ ਹੋਣ ਕਾਰਨ ਤਿੰਨਾਂ ਨੇ ਇਕੱਠੇ ਸ਼ਰਾਬ ਪੀਤੀ। ਇਸ ਦੌਰਾਨ ਸੁੱਚਾ ਸਿੰਘ ਘਰ ਚਲਾ ਗਿਆ। ਬਾਅਦ 'ਚ ਨਰਿੰਦਰ ਸਿੰਘ ਤੇ ਜਸਪਾਲ ਸਿੰਘ ਨੇ ਸ਼ਰਾਬ ਪੀਤੀ ਤੇ ਨਰਿੰਦਰ ਸਿੰਘ ਦੇ ਜ਼ਿਆਦਾ ਸ਼ਰਾਬੀ ਹੋਣ 'ਤੇ ਜਸਪਾਲ ਸਿੰਘ ਨੇ ਉਸ ਦੇ ਸਿਰ 'ਤੇ ਤੇਸੀ ਨਾਲ ਕਈ ਵਾਰ ਕੀਤੇ ਤੇ ਉਸ ਦਾ ਕੰਮ ਤਮਾਮ ਕਰ ਦਿੱਤਾ।

### ਮੋਟਰਸਾਈਕਲ 'ਤੇ ਇਕੱਲਾ ਹੀ ਨਰਿੰਦਰ ਸਿੰਘ ਦੀ ਲਾਸ਼ ਲੈ ਕੇ ਆਇਆ ਕਾਤਲ

ਜਸਪਾਲ ਸਿੰਘ ਨੇ ਮ੍ਰਿਤਕ ਨਰਿੰਦਰ ਸਿੰਘ ਦੀ ਲਾਸ਼ ਨੂੰ ਨਦੀ 'ਚ ਸੁੱਟਣ ਦੇ ਮਕਸਦ ਨਾਲ ਆਪਣੇ ਸਾਥੀ ਸੁੱਚਾ ਸਿੰਘ ਨੂੰ ਕਈ ਟੈਲੀਫੋਨ ਕੀਤੇ ਪਰ ਸੁੱਚਾ ਸਿੰਘ ਨੇ ਮੋਬਾਈਲ ਨਹੀਂ ਚੁੱਕਿਆ, ਜਿਸ 'ਤੇ ਜਸਪਾਲ ਸਿੰਘ ਇਕੱਲਾ ਹੀ ਮੋਟਰਸਾਈਕਲ 'ਤੇ ਨਰਿੰਦਰ ਸਿੰਘ ਦੀ ਲਾਸ਼ ਨੂੰ ਰੱਖ ਕੇ ਲੈ ਗਿਆ ਪਰ ਕੁਝ ਦੂਰੀ ਤਕ ਹੀ ਉਹ ਜਾ ਸਕਿਆ ਤੇ ਮੱਕੀ ਦੇ ਖੇਤਾਂ 'ਚ ਲਾਸ਼ ਨੂੰ ਸੁੱਟ ਕੇ ਉਪਰ ਬੋਰੀਆਂ ਪਾ ਕੇ ਅੱਗ ਲਗਾ ਦਿੱਤੀ ਤਾਂ ਕਿ ਲਾਸ਼ ਦੀ ਪਛਾਣ ਨਾ ਹੋ ਸਕੇ।